ਸ.ਫ਼ਾ ਇਕ ਦੀਆਂ ਬਾਕੀ

ਕਰੋੜਪਤੀਆਂ ਦਾ ਮੇਲਾ : ਸ਼੍ਰੋਮਣੀ ਅਕਾਲੀ ਦਲ ਦੇ ਸੱਭ ਤੋਂ ਵੱਧ ਉਮੀਦਵਾਰ ਅਪਰਾਧਿਕ ਪਿਛੋਕੜ ਵਾਲੇ ਤੇ ਕਾਂਗਰਸ ਦੇ ਹਨ ਸੱਭ ਤੋਂ ਘੱਟ, ਪਿਛਲੀ ਵਾਰੀ ਨਾਲੋਂ 3 ਗੁਣਾ ਵਾਧਾ

ਜਾਇਦਾਦ 238 ਕਰੋੜ ਹੈ। ਦੂਜਾ ਨੰਬਰ ਜਲਾਲਾਬਾਦ ਤੋਂ ਅਕਾਲੀ ਉਮੀਦਵਾਰ ਸੁਖਬੀਰ ਬਾਦਲ ਦਾ ਹੈ, ਜਿਨ੍ਹਾਂ ਦੀ ਕੁਲ ਜਾਇਦਾਦ 202 ਕਰੋੜ ਹੈ। ਤੀਜਾ ਨੰਬਰ ਸ੍ਰੀ ਮੁਕਤਸਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਕਰਨ ਕੌਰ ਬਰਾੜ ਦਾ ਹੈ, ਜਿਨ੍ਹਾਂ ਦੀ ਕੁਲ ਜਾਇਦਾਦ 155 ਕਰੋੜ ਰੁਪਏ ਦੀ ਹੈ। ਸਲਾਨਾ ਆਮਦਨ 'ਚ ਵੀ ਕੁਲਵੰਤ ਸਿੰਘ 16.33 ਕਰੋੜ ਨਾਲ ਪਹਿਲੇ, 'ਆਪ' ਦੇ ਅਮਨ ਅਰੋੜਾ 5.66 ਕਰੋੜ ਨਾਲ ਦੂਜੇ ਅਤੇ ਕਾਂਗਰਸ ਦੇ ਮਨਪ੍ਰੀਤ ਬਾਦਲ 3.15 ਕਰੋੜ ਨਾਲ ਤੀਜੇ ਨੰਬਰ ਉਪਰ ਹਨ। ਪੰਜ ਉਮੀਦਵਾਰ ਅਜਿਹੇ ਵੀ ਹਨ, ਜਿਨ੍ਹਾਂ ਦੀ ਜਾਇਦਾਦ ਸਿਫ਼ਰ ਹੈ। ਵਿਦਿਅਕ ਯੋਗਤਾ ਦੇ ਸਾਹਮਦੇ ਆਏ ਅੰਕੜਿਆਂ ਮੁਤਾਬਕ 695 (54 ਫ਼ੀ ਸਦੀ) 5 ਵੀਂ ਤੋਂ 12 ਵੀਂ, 483 (38 ਫ਼ੀ ਸਦੀ) ਦੀ ਗਰੇਜੂਏਸ਼ਨ ਜਾਂ ਇਸ ਤੋਂ ਵਧੇਰੇ ਯੋਗਤਾ ਹੈ। 21 ਉਮੀਦਵਾਰ ਸਿਰਫ਼ ਪੜ੍ਹ-ਲਿਖ ਸਕਦੇ ਹਨ ਅਤੇ 49 ਅਨਪੜ੍ਹ ਹਨ।

ਮੁੱਖ ਮੰਤਰੀ ਦੇ ਭਾਣਜੇ ਨੂੰ ਈਡੀ ਦੇ ਅਫ਼ਸਰਾਂ ਨੇ ਬੋਰੀਆਂ 'ਚ ਪਾ ਕੇ ਕੁਟਿਆ, ਕਰੰਟ ਲਗਾ ਤਸੀਹੇ ਦਿਤੇ : ਰਵਨੀਤ ਬਿੱਟੂ

ਚਾਹੀਦਾ ਹੈ। ਬੀਜੇਪੀ ਦੇ ਉਮੀਦਵਾਰਾਂ ਨੂੰ ਕਿਸ ਕਰ ਕੇ ਇੰਨੀ ਵੱਡੀ ਗਿਣਤੀ ਵਿਚ ਸਕਿਉਰਟੀ ਦਿਤੀ ਗਈ ਹੈ। ਮੁੱਖ ਮੰਤਰੀ ਚੰਨੀ ਦੇ ਭਾਣਜੇ ਭੁਪਿੰਦਰ ਹਨੀ ਜਿਹਨਾਂ ਨੂੰ ਅੱਜ ਵੀ 14 ਦਿਨ ਦੀ ਨਿਆਇਕ ਹਿਰਾਸਤ ਵਿਚ ਭੇਜਿਆ ਗਿਆ ਗ਼ਲਤ ਖਬਰਾਂ ਫੈਲਾ ਕੇ ਉਸ ਦਾ ਵਾਰ- ਵਾਰ ਰਿਮਾਂਡ ਮੰਗਦੇ ਰਹੇ। ਅੱਜ ਸਾਨੂੰ ਪਤਾ ਲੱਗਾ ਕਿ ਉਸ ਨਾਲ ਕਿੰਨਾ ਮਾੜਾ ਸਲੂਕ ਕੀਤਾ ਗਿਆ। ਉਸ ਨੂੰ ਸਾਹਮਣੇ ਨਹੀਂ ਆਉਣ ਦੇ ਰਹੇ। ਉਸ ਦੇ ਸਰੀਰ 'ਤੇ ਕਰੰਟ ਲਗਾਇਆ। ਹਨੀ ਨਾਲ ਜਾਨਵਰਾਂ ਨਾਲੋਂ ਵੀ ਭੈੜਾ ਸਲੂਕ ਕੀਤਾ ਗਿਆ। ਉਸ ਨੂੰ ਬੋਰੀਆਂ ਵਿਚ ਪਾ-ਪਾ ਕੁੱਟਿਆ ਗਿਆ ਤਾਂ ਪਛਾਨ ਨਾ ਹੋ ਸਕੇ ਵੀ ਈਡੀ ਦੇ ਕਿਸ ਅਫਸਰ ਨੇ ਉਸ ਨੂੰ ਕੁੱਟਿਆ। ਇੰਨੀ ਨਫਰਤ ਕਿਉਂ ਗਰੀਬ ਤੋਂ ? ਪੀਐਮ ਦੀ ਰੈਲੀ ਰੱਦ ਹੋਣ ਦਾ ਗੁੱਸਾ ਤੁਸੀਂ ਗਰੀਬ 'ਤੇ ਲਾ ਰਹੇ ਹੋ।

7 ਸਾਲਾ ਬੱਚੀ ਨਾਲ ਜਬਰ-ਜਨਾਹ ਦੇ ਦੋਸ਼ੀ ਨੂੰ ਸੁਣਾਈ ਫਾਂਸੀ ਦੀ ਸਜ਼ਾ

ਹਾਲਤ ਬੇਹੱਦ ਗੰਭੀਰ ਹੋਣ ਕਾਰਨ ਉਹ ਮੌਕੇ ਤੋਂ ਭੱਜ ਗਿਆ। ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਬੇਹੱਦ ਗੰਭੀਰ ਹਾਲਤ 'ਚ ਤੜਫ਼ ਰਹੀ ਬੱਚੀ ਨੂੰ ਜਿਥੇ ਸਿਵਲ ਹਸਪਤਾਲ ਕਪੂਰਥਲਾ 'ਚ ਇਲਾਜ ਦੇ ਲਈ ਭਰਤੀ ਕਰਵਾਇਆ, ਉੱਥੇ ਹੀ ਮੁਲਜ਼ਮ ਮੁਕੇਸ਼ ਖ਼ਿਲਾਫ਼ ਥਾਣਾ 376 ਏ, ਬੀ, 307, 4/6, ਪੋਸਕੋ ਐਕਟ ਦੇ ਤਹਿਤ ਮਾਮਲਾ ਦਰਜ ਕਰਦੇ ਹੋਏ ਛਾਪੇਮਾਰੀ ਦੌਰਾਨ ਮੁਲਜ਼ਮ ਮੁਕੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਵੀਰਵਾਰ ਨੂੰ ਐਡੀਸ਼ਨਲ ਸੈਸ਼ਨ ਜੱਜ ਰਾਜਵਿੰਦਰ ਕੌਰ ਦੀ ਅਦਾਲਤ ਨੇ ਪੀੜਤ ਪੱਖ ਵਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਰਾਜੀਵ ਪੁਰੀ ਤੇ ਸਰਕਾਰੀ ਵਕੀਲ ਅਨਿਲ ਬੋਪਾਰਾਏ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਮੁਲਜ਼ਮ ਮੁਕੇਸ਼ ਕੁਮਾਰ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਫਾਂਸੀ ਦੀ ਸਜ਼ਾ ਸੁਣਾਈ ਅਤੇ ਦੋਸ਼ੀ ਨੂੰ 8 ਲੱਖ ਰੁਪਏ ਦਾ ਜ਼ੁਰਮਾਨਾ ਵੀ ਕੀਤਾ।

ਭਾਜਪਾ ਅਤੇ ਆਮ ਆਦਮੀ ਪਾਰਟੀ ਇਕੋ ਸਿੱਕੇ ਦੇ ਦੋ ਪਹਿਲੂ ਹਨ : ਜਾਖੜ

ਹਨ। ਉਨ੍ਹਾਂ ਆਮ ਆਦਮੀ ਪਾਰਟੀ ਦੀ ਅਧਿਕਾਰਤ ਵੈੱਬਸਾਈਟ ਪੇਸ਼ ਕੀਤੀ, ਜਿਸ ਤੋਂ ਸਾਫ਼ ਪਤਾ ਲਗਦਾ ਹੈ ਕਿ 'ਆਪ' ਦੀ ਲੜਾਈ ਭਾਜਪਾ ਨਾਲ ਹੈ, ਨਾਕਿ ਮੋਦੀ ਨਾਲ।

ਜਾਖੜ ਨੇ ਕਿਹਾ ਕਿ 'ਆਪ' ਅਤੇ ਭਾਜਪਾ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਜਦਕਿ ਪੰਜਾਬ ਵਿਚ ਉਨ੍ਹਾਂ ਦਾ ਭਾਈਵਾਲ ਅਕਾਲੀ ਦਲ ਉਨ੍ਹਾਂ ਨੂੰ ਨਹੁੰ-ਮਾਸ ਦਾ ਰਿਸ਼ਤਾ ਦਸਦਾ ਸੀ। ਅਜਿਹੇ 'ਚ ਲੋਕ ਇਨ੍ਹਾਂ ਤਿੰਨਾਂ ਪਾਰਟੀਆਂ 'ਚੋਂ ਜਿਸ ਨੂੰ ਵੀ ਵੋਟ ਦੇਣਗੇ, ਉਹ ਭਾਜਪਾ ਨੂੰ ਹੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਸਮਝਦਾਰੀ ਨਾਲ ਵੋਟ ਪਾਉਣ ਦੀ ਅਪੀਲ ਕੀਤੀ। ਜਿਸ ਵਿਚੋਂ ਅਕਾਲੀ ਦਲ ਕਾਲੇ ਕਾਨੂੰਨ ਬਣਾਉਣ ਵੇਲੇ ਭਾਜਪਾ ਦਾ ਭਾਈਵਾਲ ਸੀ ਅਤੇ ਕਿਸਾਨ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨ ਸ਼ਹੀਦ ਹੋਏ ਸਨ। ਕਰਨਾਟਕ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੀ ਭਾਜਪਾ ਸਰਕਾਰ ਇਕ ਭਾਈਚਾਰੇ ਨੂੰ ਉਨ੍ਹਾਂ ਦੇ ਧਾਰਮਕ ਪਹਿਰਾਵੇ ਪਹਿਨਣ ਤੋਂ ਰੋਕ ਰਹੀ ਹੈ। ਇਹ ਉਨ੍ਹਾਂ ਦੀ ਸੋਚ ਦਾ ਅੰਦਾਜ਼ਾ ਦੇਣ ਲਈ ਕਾਫ਼ੀ ਹੈ। ਜੇ ਇਹ ਲੋਕ ਪੰਜਾਬ ਆ ਗਏ ਤਾਂ ਕਲ ਨੂੰ ਸਾਡੀ ਪੱਗ 'ਤੇ ਹੱਥ ਰਖਣਗੇ। ਪੰਜਾਬ ਵਿਚ ਸਾਰੇ ਧਰਮਾਂ ਅਤੇ ਵਰਗਾਂ ਦੇ ਲੋਕ ਰਹਿੰਦੇ ਹਨ ਅਤੇ ਇਥੇ ਅਜਿਹੀਆਂ ਹਰਕਤਾਂ ਨਹੀਂ ਹੋਣ ਦਿਤੀਆਂ ਜਾਣਗੀਆਂ।

ਐਮਸੀਐਲ ਲੁਧਿਆਣਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਰਧਮਾਨ ਪੋਲੀਟੈਕਸ ਲਿਮਟਿਡ ਚੰਡੀਗੜ੍ਹ ਰੋਡ ਲੁਧਿਆਣਾ ਵੱਲੋਂ ਪੱਤਰ ਨੰ 01/ATP/H.O./Col/Reg ਮਿਤੀ 29-1-2014 ਰਾਹੀਂ ਰਿਹਾਇਸ਼ੀ ਕਲੋਨੀ 'ਵਰਧਮਾਨ ਪਾਰਕ' ਰੈਗੂਲਰ ਕਰਵਾਈ ਸੀ ਅਤੇ 'ਵਰਧਮਾਨ ਪਾਰਕ' ਦੀ ਲੇਆਊਟ ਵੀ ਉਪਰੋਕਤ ਪੱਤਰ ਸਮੇਤ ਮਨਜ਼ੂਰ ਕਰਵਾਈ ਸੀ। ਹੁਣ ਵਰਧਮਾਨ ਪੋਲੀਟੈਕਸ ਨੇ ਲੇਆਊਟ ਨਕਸ਼ੇ ਵਿਚ ਕੁਝ ਵਾਧੇ ਕਰਨ ਲਈ ਅਪਲਾਈ ਕੀਤਾ ਹੈ।

1. ਪਲਾਟ ਨੰ 243 ਅਤੇ 244 ਦੇ ਸਥਾਨ ਵਿਚ ਬਦਲਾਅ। ਪਹਿਲਾਂ ਮਨਜ਼ੂਰ ਲੇਆਊਟ ਵਿਚ ਪਲਾਟ ਨੰ 244, ਪਲਾਟ ਨੰ 245 ਦੇ ਨਾਲ ਜੁੜਵਾ ਸੀ ਪਰ ਅਸਲ ਵਿਚ ਉਹੀ ਪਲਾਟ ਨੰ 243 ਨਾਲ ਜੁੜਵਾਂ ਹੈ।

2. ਪਲਾਟ ਨੰ 251 ਦੀ ਮਨਜ਼ੂਰਸ਼ੁਦਾ ਲੇਆਊਟ ਪਲਾਨ ਵਿਚ, ਪਲਾਟ ਨੰ 251, 122.32 ਵ.ਗਜ਼ ਸੀ ਪਰ ਅਸਲ ਵਿਚ ਉਹਹੀ 108 ਵ.ਗਜ਼ ਹੈ।

3. ਪਾਰਕ ਦੀ ਸਵੈਪਿੰਗ ਵਿਲਾ ਨੰ 19 ਸਮੇਤ ਵਿਲਾ ਨੰ 1 ਨਾਲ ਜੁੜਵਾਂ

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਸੋਧਾਂ ਸਬੰਧੀ ਕੋਈ ਇਤਰਾਜ਼ ਹੈ ਤਾਂ ਲਿਖਤੀ ਰੂਪ ਵਿੱਚ ਨੋਟਿਸ ਦੇ 30 ਦਿਨਾਂ ਦੇ ਅੰਦਰ ਅੰਦਰ ਦਫਤਰੀ ਕੰਮ ਕਾਜੀ ਸਮੇਂ ਦੌਰਾਨ ਕੀਤਾ ਜਾ ਸਕਦਾ ਹੈ। ਜੇਕਰ ਕੋਈ ਇਤਰਾਜ਼ ਨਾ ਆਇਆ ਤਾਂ ਸਮਾਂ ਬੀਤ ਜਾਣ 'ਤੇ ਦਫਤਰ ਵੱਲੋਂ ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ ਜਾਵੇਗੀ।

ਸੀਨੀਅਰ ਟਾਊਨ ਪਲਾਨਰ
ਮਿਉਂਸਪਲ ਕਾਰਪੋਰੇਸ਼ਨ
ਮਿਤੀ : 10-2-2022 ਲੁਧਿਆਣਾ

Court Notice

(U/o 5 Rule 20 CPC)

In the Court of Sh. Bagicha Singh
Civil Judge (Senior Division)
Tarn Taran

Next date, Purpose of case, Orders and Judgements as well as other case information is available on http://district.ecourts.gov.in

Jashanpreet Kaur
Vs.
General Public

CNR No PBTT02-000047-2022
Next Date : 07-03-2022
Application U/s 7 of the Guardian and Wards Act
Publication Issued to :
General Public

In above titled case, the Defendant(s)/ respondent(s) could not be served. It is ordered that Defendant(s)/ respondent(s) should appear in person or through counsel on 07-03-2022 at 10:00 a.m.

for details logon to **https://high-courtchd.gov.in/?trs=district_notice&district=Tarn Taran.**

Civil Judge
(Senior Division), Tarn Taran
Dated, this day of 04-02-2022

BEFORE THE COURT OF SMALL CAUSES, (MACT) AT BANGALORE
M.V.C. No. 4142 / 2020 (SCCH-1)
BETWEEN: Petitioner: Mr. Nagaraja
-V/s-
RESPONDENTS: National Insurance co., & another

SUMMONS TO THE RESPONDENT NO. 2 UNDER ORDER V RULE 20 (1-a) OF CPC 1908

RESPONDENT No.2 : Mr. Ranjeet Kaur, S/o Inderpal Singh, age Major, R/at Gholia Kalan Village & Post, TEH Baghapurana, MOGA District, Punjab State PIN-142038.

NOTICE TO RESPONDENT No. 2

WHEREAS, the petitioner has filed the above claim petition against you and another for claiming compensation of Rs.15,00,000/- due to injuries sustained by the petitioner above named in road traffic accident, which occurred on 27.01.2020 at College Road, near forest office, Hoskota, Bangalore at about 04.30 P.M. involving Lorry bearing Registration No. PB-04-V-7797 and the above case is posted to **25.02.2022.**

Thereby you are hereby called upon to appear on above said date at 11.00 A.M. before the said court (SCCH-1) at Bengaluru in person or through duly instructed advocate, failing which the matter will be heard and declared exparte.

Given under my hand and seal of this court on 13.01.2022.

By order of the Court, Assistant Registrar, Court of Small Causes, Bangalore.

Advocate for Petitioner: **C. GIRI BABU**

ਸ.ਫ਼ਾ ਤਿੰਨ ਦੀਆਂ ਬਾਕੀ

ਤੁਸੀਂ ਮੈਨੂੰ ਦੁਬਾਰਾ ਮੌਕਾ ਦਿਉ ਮੈਂ ਪਹਿਲਾਂ ਤੋਂ ਜ਼ਿਆਦਾ ਪੰਜਾਬ ਦਾ ਵਿਕਾਸ ਕਰਾਂਗਾ : ਚੰਨੀ

ਯੋਗਰਾਜ ਸਿੰਘ, ਅਸ਼ਵਨ ਭੱਲਾ, ਪਰਮਜੀਤ ਸਿੰਘ ਰਾਏਪੁਰ, ਸ਼ਹਿਰੀ ਪ੍ਰਧਾਨ ਦਸ਼ਵਿੰਦਰ ਕੁਮਾਰ ਚਾਂਦ, ਬਲਾਕ ਪ੍ਰਧਾਨ ਰਣਦੀਪ ਸਿੰਘ ਸਿੱਧੂ, ਨਗਰ ਕੌਂਸਲ ਪ੍ਰਧਾਨ ਦਰਸ਼ਨ ਸਿੰਘ ਕਰਵਲ, ਚੇਅਰਮੈਨ ਗੁਰਦੀਪ ਸਿੰਘ ਪ੍ਰਹਾਰ, ਚੇਅਰਮੈਨ ਸਤਨਾਮ ਸਿੰਘ ਕੋਹਜਾ, ਵਰੁਣ ਚੋਡਾ, ਮੁਕੱਦਰ ਲਾਲ, ਬਲਵੀਰ ਸਿੰਘ, ਚੇਅਰਪ੍ਰਸਨ ਸੱਤਿਆ ਦੇਵੀ, ਜਤਿੰਦਰ ਆਵਲ, ਪਰਮਿੰਦਰ ਸੋਢੀ, ਪਰਮਜੀਤ ਸਿੰਘ, ਦੀਪਕ ਕੁਮਾਰ, ਵਿਕਰਮ ਬੱਧਣ, ਜੋਗਿੰਦਰ ਪਾਲ, ਅਮਰੀਕ ਸਿੰਘ, ਪ੍ਰਿਤਪਾਲ ਸਿੰਘ, ਬਿੰਦਾ ਗਰੇਵਾਲ, ਰਣਬੀਰ ਜੰਜੂਆ, ਅਜੇ ਸ਼ਿੰਗਾਰੀ, ਦੀਪਾ, ਸਰਬਜੀਤ ਸਿੰਘ, ਸਤਨਾਮ ਕਲਸੀ, ਰਾਜ ਜਗਨਪੁਰੀਆ ਅਤੇ ਹੋਰ ਵੱਡੀ ਗਿਣਤੀ 'ਚ ਲੋਕ ਸ਼ਾਮਲ ਸਨ।

ਬ੍ਰਿਗੇਡੀਅਰ ਕਾਹਲੋਂ ਨੇ ਇਕ ਚੈਨਲ ਨੂੰ ਭੇਜਿਆ 10 ਕਰੋੜ ਦੇ ਮਾਣਹਾਨੀ ਕੇਸ ਦਾ ਨੋਟਿਸ

ਤਾਂ ਸਮਾਜ ਪਾਸੋਂ ਹੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਦਰ ਅਸਲ ਬੀਤੇ ਕੁੱਝ ਮਹੀਨਿਆਂ ਤੋਂ ਮੇਰੀ ਸਰਗਰਮ ਸਿਆਸਤ 'ਚ ਬੇ-ਲੋੜੀਂਦੀ ਸ਼ਮੂਲੀਅਤ ਨੂੰ ਲੈ ਕੇ ਭੰਡੀ ਪ੍ਰਚਾਰ ਦੇ ਜ਼ਰੀਏ ਜਨਤਾ 'ਚ ਕਈ ਕਿਸਮ ਦੇ ਭਰਮ-ਭੁਲੇਖੇ ਪੈਦਾ ਕੀਤੇ ਜਾ ਰਹੇ ਹਨ। ਜਿਸ ਕਾਰਨ ਮੇਰੇ ਕਿਰਦਾਰ ਨੂੰ ਗਹਿਰੀ ਠੇਸ ਪੁਹੰਚੀ ਹੈ। ਬੀਤੇ ਦਿਨੀਂ ਜਦੋਂ ਕੁੱਝ ਇਲੈਕਟ੍ਰਾਨਿਕ ਮੀਡੀਆ ਵਲੋਂ ਮੇਰੀ ਫ਼ੋਟੋ ਦੇ ਨਾਲ ਭਾਜਪਾ ਦੇ ਚਿੰਨ੍ਹ ਹੇਠ ਇਹ ਖ਼ਬਰ ਵਾਇਰਲ ਕੀਤੀ ਗਈ ਕਿ ਮੈਂ ਕਿਸੇ ਵਿਧਾਨ ਸਭਾ ਹਲਕੇ ਤੋਂ ਭਾਜਪਾ ਦੀ ਟਿਕਟ 'ਤੇ ਚੋਣ ਲੜਨ ਜਾ ਰਿਹਾ ਹਾਂ ਤਾਂ ਚੈਨਲਾਂ ਤੋਂ ਖ਼ਬਰ ਸੁਣ ਕੇ ਇਕ ਸਿਆਸੀ ਪਾਰਟੀ ਨਾਲ ਜੁੜੇ ਕੁੱਝ ਸਿਆਸਤਦਾਨਾਂ ਨੇ ਮੈਨੂੰ ਵਧਾਈਆਂ ਦੇਣੀਆਂ ਸ਼ੁਰੂ ਕਰ ਦਿਤੀਆਂ। ਦੂਸਰੇ ਪਾਸੇ ਦੇਸ਼-ਵਿਦੇਸ਼ਾਂ 'ਚ ਵਸੇ ਮੇਰੇ ਪਾਠਕਾਂ, ਉਪਾਸ਼ਕਾਂ ਤੇ ਫ਼ੌਜੀਆਂ ਨੇ ਮੈਨੂੰ ਇੰਝ ਕਹਿ ਕੇ ਟਿੱਚਰਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਕਿ ਹੁਣ ਤੁਸੀਂ ਵੀ ਕੁੱਝ ਦਲ ਬਦਲੂ ਵਿਕਾਊ ਤੇ ਦਾਗੀ ਸਿਆਸਤਦਾਨਾਂ ਤੇ ਮੌਕਾਪ੍ਰਸਤ ਜਰਨੈਲਾਂ ਤੇ ਕਰਨੈਲਾਂ ਵਾਂਗੂ ਗਿਰਗਿਟ ਦੀ ਤਰ੍ਹਾਂ ਰੰਗ ਬਦਲਨੇ ਸ਼ੁਰੂ ਕਰ ਦਿਤੇ ਹਨ, ਕਿਥੇ ਗਿਆ ਬ੍ਰਦਰਹੁੱਡ ਦਾ ਤੁਹਾਡਾ ਸਿਧਾਂਤ? ਜ਼ਿਕਰਯੋਗ ਹੈ ਕਿ ਪੰਜਾਬੀ ਫ਼ੌਜੀ ਭਾਈਚਾਰੇ ਦੀ ਸ਼ੈਡੋ ਕੈਬਿਨਟ ਨੇ ਹਾਲ ਵਿਚ ਹੀ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਇਸ ਫ਼ੈਸਲੇ ਦਾ ਐਲਾਨ ਕੀਤਾ ਸੀ ਕਿ ਸਾਡੇ ਪਾਸ ਨੋਟ ਬੈਂਕ ਤਾਂ ਨਹੀਂ ਪਰ ਵੋਟ ਬੈਂਕ ਹੈ ਅਤੇ ਅਪਣੇ ਸਿਧਾਂਤ "ਅਸੀਂ ਉਹਦੇ ਨਾਲ ਜਿਹੜਾ ਸਾਡੇ ਨਾਲ" ਉਮਦੀਵਾਰਾਂ ਦੀ ਸਮੀਖਿਆ ਕਰਨ ਉਪਰੰਤ ਵੋਟ ਦੇ ਅਧਿਕਾਰ ਦਾ ਫ਼ੈਸਲਾ ਕਰਾਂਗੇ।

ਪੰਚਾਇਤ ਮੁਖੀਆਂ ਤੇ ਬਹਾਵਲਪੁਰ ਸੰਗਠਨਾਂ ਨੇ ਮੋਹਿਤ ਮੋਹਿੰਦਰਾ ਦੇ ਹੱਕ 'ਚ ਸਮਰਥਨ ਦੇਣ ਦਾ ਕੀਤਾ ਫ਼ੈਸਲਾ

ਪਾਰਟੀ ਵਲੋਂ ਹਮੇਸ਼ਾਂ ਬਹਾਵਲਪੁਰ ਭਾਈਚਾਰੇ ਨੂੰ ਪੂਰਾ ਮਾਣ ਸਨਮਾਨ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਾਂਗਰਸ ਪਾਰਟੀ ਵੱਲੋਂ ਤ੍ਰਿਪੜੀ ਦੇ ਕੀਤੇ ਗਏ ਬਹੁਪੱਖੀ ਵਿਕਾਸ ਵੀ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਬਹਾਵਲਪੁਰ ਭਾਈਚਾਰੇ ਦੀਆਂ ਸਾਰੀਆਂ ਪੰਚਾਇਤਾਂ ਅਤੇ ਸੰਗਠਨ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਹੱਕ ਵਿੱਚ ਹੀ ਨਿਤਰਣਗੇ।ਇਸ ਮੌਕੇ ਵਾਰਡ ਨੰਬਰ 6 ਦੇ ਕੌਂਸਲਰ ਰਾਕੇਸ਼ ਨਾਸਰਾ ਨੇ ਕਿਹਾ ਗਿਆ ਕਿ ਪਿਛਲੇ ਪੰਜ ਸਾਲਾਂ ਦੌਰਾਨ ਕਾਂਗਰਸ ਪਾਰਟੀ ਵੱਲੋਂ ਬਹਾਵਲਪੁਰ ਭਾਈਚਾਰੇ ਦੇ ਵਿਚੋਂ ਵਾਰਡ ਨੰਬਰ 5 ਵਿਚੋਂ ਦੀਪਿਕਾ ਗੁਰਾਬਾ ਅਤੇ ਵਾਰਡ ਨੰਬਰ 6 ਵਿੱਚੋਂ ਉਨ੍ਹਾਂ ਨੂੰ ਖੁਦ ਨੂੰ ਕੌਂਸਲਰ ਅਤੇ ਬਹਾਵਲਪੁਰ ਭਾਈਚਾਰੇ ਦੇ ਸੰਤ ਬਾਂਗਾ ਨੂੰ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ, ਭਾਈਚਾਰੇ ਦੇ ਸੀਨੀਅਰ ਕਾਂਗਰਸੀ ਨੇਤਾ ਵੇਦ ਕਪੂਰ ਨੂੰ ਪੰਜਾਬ ਵਾਟਰ ਅਤੇ ਸੀਵਰੇਜ ਸਪਲਾਈ ਦਾ ਸੀਨੀਅਰ ਵਾਈਸ ਚੇਅਰਮੈਨ ਤੋਂ ਇਲਾਵਾ ਸੁਰੇਸ਼ ਧਵਨ ਨੂੰ ਇੰਪਰੂਵਮੈਂਟ ਟਰੱਸਟ ਮੈਂਬਰ ਤੇ ਯਸ਼ ਕਾਲੜਾ ਨੂੰ ਸ਼ਿਕਾਇਤ ਨਿਵਾਰਨ ਕਮੇਟੀ ਮੈਂਬਰ ਬਣਾ ਕੇ ਬਣਦਾ ਸਨਮਾਨ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕਾਂਗਰਸ ਪਾਰਟੀ ਵੱਲੋਂ ਤ੍ਰਿਪੜੀ ਦਾ ਬਹੁਕਰੋੜੀ ਵਿਕਾਸ ਕਰਵਾ ਕੇ ਨਵੀਂਆਂ ਸੜਕਾਂ, ਹੈਰੀਟੇਜ ਲਾਈਟਾਂ, ਪਾਰਕਾਂ ਦਾ ਨਵੀਨੀਕਰਨ, ਤ੍ਰਿਪੜੀ ਹਸਪਤਾਲਾਂ ਵਿਚ ਬਹੁ ਪੱਧਰੀ ਸੇਵਾਵਾਂ ਵਿੱਚ ਵਾਧਾ ਤੇ ਕਮਿਊਨਿਟੀ ਹਾਲਾਂ ਤੇ ਨਵੇਂ ਪਾਰਕਾਂ ਲਈ ਫੰਡ ਜਾਰੀ ਕੀਤੇ ਗਏ ਹਨ। ਜੋ ਕਿ ਪਿਛਲੇ ਦੱਸ ਸਾਲਾਂ ਦੀ ਅਕਾਲੀ ਭਾਜਪਾ ਸਰਕਾਰ ਸਮੇਂ ਨਹੀਂ ਕੀਤੇ ਗਏ ਸਨ।ਇਸ ਮੌਕੇ ਤ੍ਰਿਪੜੀ ਮੇਨ ਬਾਜਾਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਚਿੰਟੂ ਨਾਸਰਾ ਨੇ ਕਿਹਾ ਕਿ ਤ੍ਰਿਪੜੀ ਦੀਆਂ ਲਗਭਗ ਸਾਰੀਆਂ ਪੰਚਾਇਤਾਂ ਦੇ ਮੁਖੀਆਂ ਤੇ ਬਹਾਵਲਪੁਰ ਸੰਗਠਨਾਂ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਇਕਜੁੱਟ ਹੋ ਕੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਵੋਟਾਂ ਪਾਉਣਗੇ ਤੇ ਕਾਂਗਰਸ ਪਾਰਟੀ ਨਾਲ ਮੋਢੇ ਨਾਲ ਮੋਢਾ ਲੱਗਾ ਕੇ ਹਮੇਸ਼ਾ ਉਨ੍ਹਾਂ ਨਾਲ ਖੜ੍ਹੇ ਰਹਿਣਗੇ

ਇਸ ਮੌਕੇ ਬਹਾਵਲਪੁਰ ਵੈੱਲਫੇਅਰ ਫਾਊਂਡੇਸ਼ਨ ਦੇ ਪ੍ਰਧਾਨ ਲਲਿਤ ਗੇਰਾ ਨੇ ਕਿਹਾ ਕਿ ਉਨ੍ਹਾਂ ਦੀ ਐਸੋਸੀਏਸ਼ਨ ਬਹਾਵਲਪੁਰ ਬਿਰਾਦਰੀ ਦੇ ਭਲੇ ਲਈ ਖੜ੍ਹਨ ਵਾਲੀ ਕਾਂਗਰਸ ਪਾਰਟੀ ਦੇ ਨਾਲ ਹਮੇਸ਼ਾ ਖੜ੍ਹੀ ਰਹੇਗੀ ਤੇ ਆਉਣ ਵਾਲੀ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦੇ ਹੱਕ ਵਿਚ ਵੋਟਾਂ ਪਾ ਕੇ ਪੰਜਾਬ ਵਿਚ ਫਿਰ ਤੋਂ ਕਾਂਗਰਸ ਪਾਰਟੀ ਦੀ ਸਰਕਾਰ ਲਿਆ ਕੇ ਪੰਜਾਬ ਦੀ ਸ਼ਾਂਤੀ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਵਿੱਚ ਯੋਗਦਾਨ ਦੇਵ